**Investigation Into The So Called**
**'Janam Patri' Of Guru Gobind Singh Sahib**
**(Pal Singh Purewal –** Author Jantri 500 Years, and Hijri Calendars**)**

ਪਟਨਾ ਸਾਹਿਬ ਵਿਖੇ ਸੁਰੱਖਿਅਤ ਸਭ ਤੋਂ ਪੁਰਾਣੇ ਦੱਸੇ ਜਾਂਦੇ ਦਸਮ ਗ੍ਰੰਥ ਦੇ ਇੱਕ ਪੰਨੇ ਉੱਪਰ ਜਨਮ ਪੱਤਰੀ, ਜੋ ਕਹੀ ਜਾਂਦੀ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਹੈ, ਦੇ ਉਤਾਰੇ ਦੀ ਫੋਟੋ ਕਾਪੀ[i]



ੴ ਸਤਿਗੁਰਪ੍ਰਸਾਦਿ
ਉਤਾਰ ਪਤਰੀ ਪਾਤਿਸਾਹੀ ੧੦

੧੭੨੩

ਅਥ ਪ੍ਰਸੰਨ ਲਗਨਾਦੇਵ ਸੁਭਾ ਵ ਸੁਭ ਫਲ ਨ੍ਰਿਸੰਸਹ ਸੰਬਤ ੧੭੨x
[ਇੱਥੇ ਸੱਜੇ ਪਾਸੇ ਦਾ ਹਿੰਦਸਾ ਕੱਟ/ਮਸੇ ਕੇ ਸਤਰ ਤੋਂ ਉੱਪਰ ੧੭੨੩ ਲਿਖਿਆ ਹੋਇਆ ਹੈ ਜੋ ਹੋਰ ਕਲਮ ਜਾਂ ਨਿੱਬ ਅਤੇ ਵੱਖਰੀ ਹੱਥ-ਲਿਖਤ ਵਿੱਚ ਹੈ - ਵੇਖੋ ੧੭੨੩ ਦਾ ਅੰਕ '੩' ਅਤੇ ਅਗ੍ਹਾਂ ਦਿੱਤੇ ੩੬ ਦਾ ਅੰਕ '੩'।]
ਪੋਖੇ ਮਾਸ: ਸੁਕਲੇ: ਪਖੇ: ਤਿਥਾਹ ੭
ਸਪਤਮੀ: ਰਵਿਵਾਸਰੇ ਘਟਾ ੨੪
ਉਤਰਾਭਾਦਰਪਦਾ ਨਿਖਤ੍ਰ ਘਟਾ ੩੬
ਉਦਿਆ ਗਤੇ ਘਟੀਖ: ੧੧
ਪਲੇਖ: ੫: ________________
ਸਮੇ ਮੀਨ: ਲਗਨੇ: ਸ੍ਰੀਮਤੀ: ਪ੍ਰਸਨਹ ॥੧॥

ਹੁਣ ਅਸੀਂ ਉੱਪਰਲੇ ਉਤਾਰੇ ਵਿੱਚ ਦਿੱਤੇ ਵਿਸਥਾਰ ਨੂੰ ਸ੍ਵਾਮੀਕੰਨੂ ਪਿੱਲੇ ਦੀ Indian Ephemeris Vol VI ਅਤੇ ਮੇਰੀ ਆਪਣੀ ਗਣਿਤ ਦੁਆਰਾ ਬਣਾਈਆਂ ਜੰਤਰੀਆਂ ਅਨੁਸਾਰ ਘੋਖਦੇ ਹਾਂ। ਹੇਠ ਦਿੱਤੀਆਂ ਦੋ ਸਾਰਨੀਆਂ ਵਿੱਚ 1660 ਈ. ਤੋਂ 1670 ਈ. ਵਿੱਚ ਆਉਣ ਵਾਲੀਆਂ ਪੋਹ ਸੁਦੀ ਸੱਤਮੀ ਦੀਆਂ ਤਾਰੀਖ਼ਾਂ ਸਮੇਂ ਉਪ੍ਰੋਕਤ ਤੱਥਾਂ ਬਾਰੇ ਜਾਣਕਾਰੀ ਦਰਜ ਹੈ।

## ਟੇਬਲ 1

## ਪੋਹ ਸੁਦੀ 7 (ਸਪਤਮੀ) 1660 ਤੋਂ 1670 ਈਸਵੀ ਤੱਕ (1717 ਤੋਂ 1727 ਬਿਕ੍ਰਮੀ)

ਤਿਥੀ ਸਮਾਪਤੀ ਕਾਲ

| **1** | **2** | **3** | **4** | **5** | **6** | **7** | **8** | **9** |
|---|---|---|---|---|---|---|---|---|
| | | | **ਪੁਰੇਵਾਲ** | | **ਸ੍ਵਾਮੀਕੰਨੂ ਪਿੱਲੇ** | | | **ਪੁਰੇਵਾਲ** |
| ਬਿਕ੍ਰਮੀ ਸੰਮਤ | ਸੰਨ ਈਸਵੀ (ਜੂਲੀਅਨ) ਤਾਰੀਖ਼ | ਵਾਰ | ਜੰਤਰੀ 500 ਸਾਲ[ii] ਮਹੀਨੇ ਦਾ ਦਿਨ | ਪਟਨਾ ਸੂਰਜ ਉਦੇ ਘੰਟਾ ਮਿੰਟ ਇੰਡੀਅਨ ਸਟੈਂਡਰਡ ਟਾਈਮ | ਤਿਥੀ ਸਮਾਪਤੀ ਦਸ਼ਮਲਵ ਦਿਨ ਉਜੈਨ ਮੀਨ ਟਾਈਮ 6 ਬਜੇ ਤੋਂ | ਤਿਥੀ ਸਮਾਪਤੀ ਘੰਟਾ ਮਿੰਟ ਇੰਡੀਅਨ ਸਟੈਂਡਰਡ ਟਾਈਮ | ਤਿਥੀ ਸਮਾਪਤੀ ਘੜੀ ਪਲ ਪਟਨਾ ਸੂਰਜ ਉਦੇ ਟਾਈਮ ਅਨੁਸਾਰ | ਤਿਥੀ ਸਮਾਪਤੀ ਘੰਟਾ ਮਿੰਟ ਘੜੀ ਪਲ |
| 1717 | 1660 ਦਸੰਬਰ28 | ਸ਼ੁੱਕਰ | 30 ਪੋਹ | 6 :38 | .46 | 17:29 | 27 :09 ਘ.ਪ. | 17:38 ਘੰ. ਮਿੰ. 27 :30 ਘ. ਪ. |
| 1718 | 1661 ਦਸੰਬਰ 18 | ਬੁੱਧ | 19 ਪੋਹ | 6:35 | .11 | 9:05 | 6:16 ਘ.ਪ. | 9:18 ਘੰ. ਮਿੰ. 6 :48 ਘ. ਪ. |
| 1719 | 1662 ਦਸੰਬਰ 7 | ਐਤ | 8 ਪੋਹ | 6 :30 | .72 | 23:44 | 43:05 ਘ.ਪ. | 23:58 ਘੰ. ਮਿੰ. 43 :40 ਘ. ਪ. |
| 1720 | 1663 ਦਸੰਬਰ 26 | ਸਨਿੱਚਰ | 27 ਪੋਹ | 6:37 | .74 | 24:13 | 43:59 ਘ.ਪ. | 24:22 ਘੰ. ਮਿੰ. 44 :21 ਘ. ਪ. |
| 1721 | 1664 ਦਸੰਬਰ 14 | ਬੁੱਧ | 16 ਪੋਹ | 6 :34 | .97 | 29:44 | 57:55 ਘ.ਪ. | 30:04 ਘੰ. ਮਿੰ. 58 :46 ਘ. ਪ. |
| 1722 | 1666 ਜਨਵਰੀ 2 | ਮੰਗਲ | 5 ਮਾਘ | 6:38 | .78 | 25:10 | 46:21 ਘ.ਪ. | 25:25 ਘੰ. ਮਿੰ. 46 :57 ਘ. ਪ. |
| **1723**[iii] | **1666 ਦਸੰਬਰ 22** | **ਸਨਿੱਚਰ** | **23 ਪੋਹ** | **6:37** | **.73** | **23:58** | 43:23 ਘ.ਪ. | **24:07**[3]**ਘੰ. ਮਿੰ. 43:45 ਘ.ਪ.** |
| 1724 | 1667 ਦਸੰਬਰ 11 | ਬੁੱਧ | 12 ਪੋਹ | 6:32 | .87 | 27:20 | 52:00 ਘ.ਪ. | 27:33 ਘੰ. ਮਿੰ. 52 :33 ਘ. ਪ. |
| 1725 | 1668 ਦਸੰਬਰ 29 | ਮੰਗਲ | 1 ਮਾਘ | 6:38 | .85 | 26:51 | 50:33 ਘ.ਪ. | 27:00 ਘੰ. ਮਿੰ. 50 :55 ਘ. ਪ. |
| **1726** | **1669 ਦਸੰਬਰ 19** | **ਐਤ** | **20 ਪੋਹ** | **6:36** | **.42** | **16:32** | 24:50 ਘ.ਪ. | **16:28 ਘੰ. ਮਿੰ. 24 :40 ਘ. ਪ.** |
| 1727 | 1670 ਦਸੰਬਰ 9 | ਸ਼ੁੱਕਰ | 10 ਪੋਹ | 6:31 | .07 | 8:08 | 4:02 ਘ.ਪ. | 8:21 ਘੰ. ਮਿੰ. 4 :35 ਘ. ਪ. |

**ਕਾਲਮਾਂ ਦਾ ਵੇਰਵਾ:**

1. ਬਿਕ੍ਰਮੀ ਸੰਮਤ
2. ਅੰਗ੍ਰੇਜ਼ੀ ਕੈਲੰਡਰ (ਜੁਲੀਅਨ) ਅਨੁਸਾਰ ਪੋਹ ਸੁਦੀ 7 (ਸਪਤਮੀ) ਦੀ ਤਾਰੀਖ਼।
3. ਹਫ਼ਤੇ ਦਾ ਦਿਨ।
4. ਦੇਸੀ ਮਹੀਨੇ ਦਾ ਦਿਨ (ਪ੍ਰਵਿਸ਼ਟਾ) -ਸੂਰਜ ਸਿਧਾਂਤ ਅਨੁਸਾਰ
5. ਪਟਨਾ ਸਾਹਿਬ ਵਿੱਚ ਉਸ ਤਾਰੀਖ਼ ਨੂੰ ਸੂਰਜ ਉਦੇ ਦਾ ਸਮਾਂ ।
6. ਤਿਥੀ ਸਪਤਮੀ ਦਾ ਸਮਾਪਤੀ ਸਮਾਂ – ਸ੍ਵਾਮੀਕੰਨੂ ਪਿੱਲੇ ਨੇ ਕੇਵਲ ਦਿਨ ਦਾ ਦਸ਼ਮਲਵ ਭਾਗ ਹੀ ਦੱਤਾ ਹੈ। ਇਹ ਸਵੇਰੇ 6 ਬਜੇ ਉੱਜੈਨ ਮੀਨ ਟਾਈਮ ਅਨੁਸਾਰ ਹੈ।

7. ਪਿਛਲੇ ਕਾਲਮ ਦੇ ਸਮੇਂ ਨੂੰ ਇੰਡੀਅਨ ਸਟੈਂਡਰਡ ਟਾਈਮ ਵਿੱਚ ਬਦਲ ਕੇ ਦਿੱਤਾ ਹੈ। 24 ਘੰਟੇ ਤੋਂ ਬਾਅਦ ਦਾ ਟਾਈਮ ਉਸ ਦਿਨ ਸ਼ਾਮ ਤੋਂ ਬਾਅਦ ਆਉਣ ਵਾਲੀ ਅੱਧੀ ਰਾਤ ਤੋਂ ਬਾਅਦ ਦਾ ਹੈ।
8. ਪਿਛਲੇ ਕਾਲਮ ਦੇ ਸਮੇਂ ਨੂੰ ਪਟਨਾ ਸਾਹਿਬ ਦੇ ਸੂਰਜ ਉਦੇ ਤੋਂ ਘੜੀ ਪਲ ਵਿੱਚ ਦਰਜ ਕੀਤਾ ਹੈ।
9. ਮੇਰੀ ਗਣਿਤ ਅਨੁਸਾਰ ਤਿਥੀ ਦਾ ਸਮਾਪਤੀ ਕਾਲ ਇੰਡੀਅਨ ਸਟੈਂਡਰਡ ਟਾਈਮ ਵਿੱਚ, ਅਤੇ ਪਟਨਾ ਸਾਹਿਬ ਦੇ ਸੂਰਜ ਉਦੇ ਤੋਂ ਘੜੀ ਪਲ ਵਿੱਚ।

## ਟੇਬਲ 2

# ਪੋਹ ਸੁਦੀ 7 (ਸਪਤਮੀ) 1660 ਤੋਂ 1670 ਈਸਵੀ ਤੱਕ (1717 ਤੋਂ 1727 ਬਿਕ੍ਰਮੀ)

ਨਖਸ਼ੱਤਰ ਸਮਾਪਤੀ ਕਾਲ

| 1 | 2 | 3 | 4 | 5 | 6 | 7 | 8 | 9 |
|---|---|---|---|---|---|---|---|---|
| | | | ਪੁਰੇਵਾਲ | | ਸ੍ਵਾਮੀਕੰਨੂ ਪਿੱਲੇ | | | ਪੁਰੇਵਾਲ |
| ਬਿਕ੍ਰਮੀ ਸੰਮਤ | ਸੰਨ ਈਸਵੀ (ਜੁਲੀਅਨ) ਤਾਰੀਖ਼ | ਵਾਰ | ਜੰਤਰੀ 500 ਸਾਲ[iv] ਮਹੀਨੇ ਦਾ ਦਿਨ | ਪਟਨਾ ਸੂਰਜ ਉਦੇ ਘੰਟਾ ਮਿੰਟ ਇੰਡੀਅਨ ਸਟੈਂਡਰਡ ਟਾਈਮ | ਨਖਸ਼ੱਤਰ ਸਮਾਪਤੀ ਦਸ਼ਮਲਵ ਦਿਨ ਉਜੈਨ ਮੀਨ ਟਾਈਮ 6 ਬਜੇ ਤੋਂ | ਨਖਸ਼ੱਤਰ ਸਮਾਪਤੀ ਘੰਟਾ ਮਿੰਟ ਇੰਡੀਅਨ ਸਟੈਂਡਰਡ ਟਾਈਮ | ਨਖਸ਼ੱਤਰ ਸਮਾਪਤੀ ਘੜੀ ਪਲ ਪਟਨਾ ਸੂਰਜ ਉਦੇ ਟਾਈਮ ਅਨੁਸਾਰ | ਨਖਸ਼ੱਤਰ ਸਮਾਪਤੀ ਘੰਟਾ ਮਿੰਟ ਘੜੀ ਪਲ |
| 1717 | 1660 ਦਸੰਬਰ28 | ਸ਼ੁੱਕਰ | 30 ਪੋਹ | 6 :38 | .95 ਰੇਵਤੀ | 29 :15 | 56 :33 ਘ.ਪ. | 29 :05 ਘੰ. ਮਿੰ. 56 :07 ਘ. ਪ. |
| 1718 | 1661 ਦਸੰਬਰ 18 | ਬੁੱਧ | 19 ਪੋਹ | 6:35 | .42 ਉ.ਭਾਦਰਪਦ | 16:32 | 24:52 ਘ.ਪ. | 16:23 ਘੰ. ਮਿੰ. 24 :30 ਘ. ਪ. |
| 1719 | 1662 ਦਸੰਬਰ 7 | ਐਤ | 8 ਪੋਹ | 6 :30 | .87 ਪੂ.ਭਾਦਰਪਦ | 27 :20 | 52:05 ਘ.ਪ. | 27:05 ਘੰ. ਮਿੰ. 51 :26 ਘ. ਪ. |
| 1720 | 1663 ਦਸੰਬਰ 26 | ਸਨਿੱਚਰ | 27 ਪੋਹ | 6:37 | .44 ਉ.ਭਾਦਰਪਦ | 17:01 | 25:59 ਘ.ਪ. | 17:02 ਘੰ. ਮਿੰ. 26 :02 ਘ. ਪ. |
| 1721 | 1664 ਦਸੰਬਰ 14 | ਬੁੱਧ | 16 ਪੋਹ | 6 :34 | .48 ਪੂ.ਭਾਦਰਪਦ | 17 :58 | 28:30 ਘ.ਪ. | 18:11 ਘੰ. ਮਿੰ. 29 :03 ਘ. ਪ. |
| 1722 | 1666 ਜਨਵਰੀ 2 | ਮੰਗਲ | 5 ਮਾਘ | 6:38 | .91 ਰੇਵਤੀ | 28 :17 | 54:09 ਘ.ਪ. | 28:31 ਘੰ. ਮਿੰ. 54 :41 ਘ. ਪ. |
| **1723**[v] | **1666 ਦਸੰਬਰ 22** | **ਸਨਿੱਚਰ** | **23 ਪੋਹ** | **6:37** | **.72** ਉ.ਭਾਦਰਪਦ | **23:44** | 42:47 ਘ.ਪ. | **23:43**[3]**ਘੰ. ਮਿੰ. 42:45 ਘ.ਪ.** |
| 1724 | 1667 ਦਸੰਬਰ 11 | ਬੁੱਧ | 12 ਪੋਹ | 6:32 | .72 ਪੂ.ਭਾਦਰਪਦ | 23 :44 | 43:00 ਘ.ਪ. | 23:37 ਘੰ. ਮਿੰ. 42 :43 ਘ. ਪ. |
| 1725 | 1668 ਦਸੰਬਰ 29 | ਮੰਗਲ | 1 ਮਾਘ | 6:38 | .28 ਉ.ਭਾਦਰਪਦ | 13:10 | 16:21 ਘ.ਪ. | 12:56 ਘੰ. ਮਿੰ. 15 :46 ਘ. ਪ. |
| **1726** | **1669 ਦਸੰਬਰ 19** | **ਐਤ** | **20 ਪੋਹ** | **6:36** | **.64** ਉ.ਭਾਦਰਪਦ | **21:49** | 38:02 ਘ.ਪ. | **21:29 ਘੰ. ਮਿੰ. 37 :12 ਘ. ਪ.** |
| 1727 | 1670 ਦਸੰਬਰ 9 | ਸ਼ੁੱਕਰ | 10 ਪੋਹ | 6:31 | .12 ਪੂ.ਭਾਦਰਪਦ | 9:20 | 7:02 ਘ.ਪ. | 9:10 ਘੰ. ਮਿੰ. 6 :37 ਘ. ਪ. |

**ਕਾਲਮਾਂ ਦਾ ਵੇਰਵਾ:**

1. ਬਿਕ੍ਰਮੀ ਸੰਮਤ
2. ਅੰਗ੍ਰੇਜ਼ੀ (ਜੁਲੀਅਨ) ਸੰਨ) ਅਨੁਸਾਰ ਪੋਹ ਸੁਦੀ 7 (ਸਪਤਮੀ) ਦੀ ਤਾਰੀਖ਼।
3. ਹਫ਼ਤੇ ਦਾ ਦਿਨ।
4. ਦੇਸੀ ਮਹੀਨੇ ਦਾ ਦਿਨ (ਪ੍ਰਵਿਸ਼ਟਾ) -ਸੂਰਜ ਸਿਧਾਂਤ ਅਨੁਸਾਰ
5. ਪਟਨਾ ਸਾਹਿਬ ਵਿੱਚ ਉਸ ਤਾਰੀਖ਼ ਨੂੰ ਸੂਰਜ ਉਦੇ ਦਾ ਸਮਾਂ ।

6. ਸਪਤਮੀ ਵਾਲੇ ਦਿਨ ਨਖਸ਼ੱਤਰ ਦਾ ਨਾਮ ਅਤੇ ਸਮਾਪਤੀ ਸਮਾਂ - ਸ੍ਵਾਮੀਕੰਨੂ ਪਿੱਲੇ ਨੇ ਕੇਵਲ ਦਿਨ ਦਾ ਦਸ਼ਮਲਵ ਭਾਗ ਹੀ ਦੱਤਾ ਹੈ। ਇਹ ਸਵੇਰੇ 6 ਬਜੇ ਉੱਜੈਨ ਮੀਨ ਟਾਈਮ ਅਨੁਸਾਰ ਹੈ। ਇਨ੍ਹਾਂ ਦਸ ਸਾਲਾਂ ਵਿੱਚ ਪੋਹ ਸੁਦੀ ਸਪਤਮੀ ਨੂੰ ਪੂਰਬਾ-ਭਾਦਰਪਦ, ਉੱਤਰਾ-ਭਾਦਰਪਦ, ਅਤੇ ਰੇਵਤੀ ਨਕਸ਼ੱਤਰ ਹੀ ਆਏ ਹਨ।

7. ਪਿਛਲੇ ਕਾਲਮ ਦੇ ਸਮੇਂ ਨੂੰ ਇੰਡੀਅਨ ਸਟੈਂਡਰਡ ਟਾਈਮ ਵਿੱਚ ਬਦਲ ਕੇ ਦਿੱਤਾ ਹੈ। 24 ਘੰਟੇ ਤੋਂ ਬਾਅਦ ਦਾ ਟਾਈਮ ਉਸ ਦਿਨ ਸ਼ਾਮ ਤੋਂ ਬਾਅਦ ਆਉਣ ਵਾਲੀ ਅੱਧੀ ਰਾਤ ਤੋਂ ਬਾਅਦ ਦਾ ਹੈ।

8. ਪਿਛਲੇ ਕਾਲਮ ਦੇ ਸਮੇਂ ਨੂੰ ਪਟਨਾ ਸਾਹਿਬ ਦੇ ਸੂਰਜ ਉਦੇ ਤੋਂ ਘੜੀ ਪਲ ਵਿੱਚ ਦਰਜ ਕੀਤਾ ਹੈ।

9. ਮੇਰੀ ਗਣਿਤ ਅਨੁਸਾਰ ਤਿਥੀ ਦਾ ਸਮਾਪਤੀ ਕਾਲ ਇੰਡੀਅਨ ਸਟੈਂਡਰਡ ਟਾਈਮ ਵਿੱਚ, ਅਤੇ ਪਟਨਾ ਸਾਹਿਬ ਦੇ ਸੂਰਜ ਉਦੇ ਤੋਂ ਘੜੀ ਪਲ ਵਿੱਚ।

ਪੱਤਰੀ ਉਤਾਰੇ ਅਨੁਸਾਰ ਅਵਤਾਰ ਧਾਰਨ ਦਾ ਸਮਾਂ ਪਟਨਾ ਸਾਹਿਬ ਸੂਰਜ ਉਦੇ ਉਪ੍ਰੰਤ 11 ਘੜੀ 5 ਪਲ ਬੀਤਣ ਤੇ ਹੈ। ਇਹ 4 ਘੰਟੇ 26 ਮਿੰਟ ਸੂਰਜ ਉਦੇ ਉਪ੍ਰੰਤ ਬਣਦਾ ਹੈ।
ਤਿਥੀ ਸਮਾਪਤੀ ਦਾ ਸਮਾਂ ਪੱਤਰੀ ਉਤਾਰੇ ਅਨੁਸਾਰ 24 ਘੜੀ ਹੈ, ਜੋ 9 ਘੰਟੇ 36 ਮਿੰਟ ਸੂਰਜ ਉਦੇ ਉਪ੍ਰੰਤ ਬਣਦਾ ਹੈ। ਨਖਸ਼ੱਤਰ ਸਮਾਪਤੀ ਦਾ ਸਮਾਂ ਪੱਤਰੀ ਉਤਾਰੇ ਅਨੁਸਾਰ 36 ਘੜੀ ਹੈ, ਜੋ 14 ਘੰਟੇ 24 ਮਿੰਟ ਸੂਰਜ ਉਦੇ ਉਪ੍ਰੰਤ ਬਣਦਾ ਹੈ।

# ਟੇਬਲ 3

| ਮਿਤੀ<br>ਅੰਗ੍ਰੇਜ਼ੀ ਤਾਰੀਖ਼<br>(ਜੂਲੀਅਨ ਕੈਲੰਡਰ) | ਵਾਰ | **ਪਟਨਾ ਸਾਹਿਬ**<br>ਲਗਨ 11 ਬਜੇ ਸਵੇਰ ਦਾ | ਸੂਰਜ ਉਦੇ<br>ਪਟਨਾ ਸਾਹਿਬ<br>ਘੰਟਾ ਮਿੰਟ | ਪੱਤਰੀ ਉਤਾਰੇ ਅਨੁਸਾਰ ਤਿਥ ਸਮਾਪਤੀ ਸਮਾਂ<br>ਸੂਰਜ ਉਦੇ<br>+9 ਘੰ 36 ਮਿੰ<br>ਘੰਟਾ ਮਿੰਟ | ਪੱਤਰੀ ਉਤਾਰੇ ਅਨੁਸਾਰ ਨਖਸ਼ੱਤ੍ਰ ਸਮਾਪਤੀ ਸਮਾਂ<br>ਸੂਰਜ ਉਦੇ<br>+14 ਘੰ 24 ਮਿੰ<br>ਘੰਟਾ ਮਿੰਟ | ਪੱਤਰੀ ਉਤਾਰੇ ਅਨੁਸਾਰ ਪ੍ਰਕਾਸ਼ ਦਾ ਸਮਾਂ ਪਾਤਸ਼ਾਹੀ 10<br>ਸੂਰਜ ਉਦੇ<br>+4 ਘੰ 26 ਮਿੰ |
|---|---|---|---|---|---|---|
| 1660 ਦਸੰਬਰ 28 | ਸ਼ੁੱਕਰ | ਮੀਨ 20 ਅੰਸ਼ | 6 :38 | 16 :14 | 21 :02 | |
| 1661 ਦਸੰਬਰ 18 | ਬੁੱਧ | ਮੀਨ 5 ਅੰਸ਼ | 6 :35 | 16 :11 | 20 :59 | |
| 1662 ਦਸੰਬਰ 7 | ਐਤ | ਕੁੰਭ 19 ਅੰਸ਼ | 6:30 | 16:06 | 20:54 | |
| 1663 ਦਸੰਬਰ 26 | ਸਨਿੱਚਰ | ਮੀਨ 16 ਅੰਸ਼ | 6 :37 | 16 :13 | 21 :01 | |
| 1664 ਦਸੰਬਰ 14 | ਬੁੱਧ | ਮੀਨ 1 ਅੰਸ਼ | 6 :34 | 16 :10 | 20 :58 | |
| 1666ਜਨਵਰੀ 2 | ਮੰਗਲ | ਮੀਨ 26 ਅੰਸ਼ | 6:38 | 16:14 | 21:02 | |
| **1666 ਦਸੰਬਰ 22** | **ਸਨਿੱਚਰ** | **ਮੀਨ 11 ਅੰਸ਼** | **6:37** | **16:13** | **21:01** | **11:03** |
| 1667 ਦਸੰਬਰ 11 | ਬੁੱਧ | ਕੁੰਭ 24 ਅੰਸ਼ | 6:32 | 16:08 | 20:56 | |
| 1668 ਦਸੰਬਰ 29 | ਮੰਗਲ | ਮੀਨ 21 ਅੰਸ਼ | 6:38 | 16:14 | 21:02 | |
| **1669 ਦਸੰਬਰ 19**[ii] | **ਐਤ** | **ਮੀਨ 7 ਅੰਸ਼** | **6:36** | **16:12** | **21:00** | **11:02** |
| 1670 ਦਸੰਬਰ 9 | ਸ਼ੁੱਕਰ | ਕੁੰਭ 22 ਅੰਸ਼ | 6:31 | 16:07 | 20:55 | |

## ਟਿੱਪਣੀਆਂ:

1. **ਪੱਤਰੀ ਵਿੱਚ ਦਿੱਤਾ ਦਿਨ ਰਵਿ-ਵਾਰ (ਐਤਵਾਰ) ਹੈ। ਇਹ ਕੇਵਲ 1662 ਅਤੇ 1669 ਈ. ਵਾਲੀਆਂ ਪੋਹ ਸੁਦੀ ਸਪਤਮੀਆਂ ਨੂੰ ਹੀ ਆਉਂਦਾ ਹੈ।**। ਪਰ, 1662 ਵਿੱਚ ਦਿੱਤੇ ਸਮੇਂ ਲਗਨ ਕੁੰਭ ਹੈ, ਮੀਨ ਨਹੀਂ।
2. **ਪੱਤਰੀ ਵਿੱਚ ਦਿੱਤਾ ਤਿਥੀ ਸਪਤਮੀ ਦਾ ਸਮਾਪਤੀ ਸਮਾਂ 24 ਘੜੀ ਦਿੱਤਾ ਹੈ।** ਜੋ ਸੂਰਜ ਉਦੇ ਅਨੁਸਾਰ ਸ਼ਾਮ ਦੇ 4 ਬਜ ਕੇ 7 ਮਿੰਟ ਤੋ ਸ਼ਾਮ ਦੇ 4 ਬਜ ਕੇ 14 ਮਿੰਟ ਵੱਖ ਵੱਖ ਸਾਲਾਂ ਵਿੱਚ ਬਣਦਾ ਹੈ। **ਇਹ ਕੇਵਲ 1669 ਈਸਵੀ / 1726 ਬਿਕ੍ਰਮੀ ਵਾਲੀ ਪੋਹ ਸੁਦੀ ਸਪਤਮੀ ਦੇ ਨਾਲ ਲਗ-ਭਗ ਮੇਲ ਖਾਂਦਾ ਹੈ।**
3. **ਪੱਤਰੀ ਵਿੱਚ ਦਿੱਤਾ ਉੱਤਰਾ-ਭਾਦਰਪਦ ਨਖਸ਼ੱਤਰ ਦਾ ਸਮਾਪਤੀ ਸਮਾਂ ੩੬ ਘੜੀ ਦਿੱਤਾ ਹੈ।** ਜੋ ਸੂਰਜ ਉਦੇ ਅਨੁਸਾਰ ਰਾਤ ਦੇ 8 ਬਜ ਕੇ 55 ਮਿੰਟ ਤੋ ਰਾਤ ਦੇ 9 ਬਜ ਕੇ 2 ਮਿੰਟ ਵੱਖ ਵੱਖ ਸਾਲਾਂ ਵਿੱਚ ਬਣਦਾ ਹੈ। **ਇਹ ਵੀ ਕੇਵਲ 1669 ਈਸਵੀ / 1726 ਬਿਕ੍ਰਮੀ ਪੋਹ ਸੁਦੀ ਸਪਤਮੀ ਵਾਲੇ ਦਿਨ ਵਾਪਰਨ ਵਾਲੇ ਉੱਤਰਾ-ਭਾਦਰਪਦ ਨਖਸ਼ੱਤਰ ਨਾਲ ਲਗ-ਭਗ ਮਿਲਦਾ ਹੈ, ਹੋਰ ਕਿਸੇ ਸਾਲ ਵਿੱਚ ਨਹੀਂ।**
4. ਪੱਤਰੀ ਵਿੱਚ ਦਿੱਤਾ ਪ੍ਰਕਾਸ਼ 11 ਘੜੀ 5 ਪਲ ਦਾ ਹੈ, ਜੋ ਤਕਰੀਬਨ 11 ਬਜੇ ਸਵੇਰ ਦਾ ਸਮਾਂ ਬਣਦਾ ਹੈ। ਲਗਨ ਮੀਨ ਦਿੱਤਾ ਹੈ। ਮੀਨ ਲਗਨ 1660, 1661, 1663, 1664, 1666 (ਜਨਵਰੀ, ਦਸੰਬਰ), 1668, 1669 ਸਾਲਾਂ ਵਿੱਚ ਪੋਹ ਸੁਦੀ ਸਪਤਮੀ ਵਾਲੇ ਦਿਨ 11 ਬਜੇ ਸਵੇਰੇ ਪਟਨਾ ਸਾਹਿਬ ਵਿਖੇ ਚੱਲ ਰਿਹਾ ਸੀ।

ਉੱਪਰਲੀਆਂ ਟਿੱਪਣੀਆਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਪੱਤਰੀ-ਉਤਾਰੇ ਵਿੱਚ ਦਿੱਤੇ ਸਾਰੇ ਤੱਥ - ਤਿਥ (ਪੋਹ ਸੁਦੀ ਸਪਤਮੀ), ਵਾਰ (ਐਤਵਾਰ / ਰਵਿ-ਵਾਰ), ਨਖਸ਼ੱਤਰ (ਉੱਤਰਾ-ਭਾਦਰਪਦ), ਤਿਥ ਸਮਾਪਤੀ ਕਾਲ (24 ਘੜੀ), ਨਖਸ਼ੱਤਰ ਸਮਾਪਤੀ ਕਾਲ (36 ਘੜੀ), ਅਤੇ ਲਗਨ (ਮੀਨ) - 1660 ਤੋ 1670 ਈ: **ਵਿੱਚ ਕੇਵਲ ਤੇ ਕੇਵਲ 1669** ਸੰਨ ਵਿੱਚ ਹੀ ਮਿਲਦੇ ਹਨ। ਇਸ ਲਈ ਨਿਸਚੇ ਤੌਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਇਹ ਉਤਾਰਾ **1723** ਬਿਕ੍ਰਮੀ ਦੀ ਪੋਹ ਸੁਦੀ ਸਪਤਮੀ ਦਾ ਨਹੀਂ ਬਲਕਿ **1726** ਬਿਕ੍ਰਮੀ ਵਾਲੀ ਪੋਹ ਸੁਦੀ ਸਪਤਮੀ ਦਾ ਹੈ।

ਪਾਠਕ ਉੱਪਰ ਦਿੱਤੀ ਉਤਾਰੇ ਦੀ ਫੋਟੋ ਕਾਪੀ ਤੋਂ ਦੇਖ ਸਕਦੇ ਹਨ ਕਿ ਅਸਲੀ ਸੰਮਤ ਦੇ ਸੱਜੇ ਪਾਸੇ ਦਾ ਹਿੰਦਸਾ ਮਸੇ ਕੇ ਉੱਪਰਲੀ ਸਤਰ ਤੇ ੧੭੨੩ ਲਿਖਿਆ ਹੈ ਜੋ ਅਸਲ ਨਾਲੋਂ ਹੋਰ ਹੱਥ-ਲਿਖਤ ਵਿੱਚ, ਹੋਰ ਕਲਮ / ਨਿੱਬ ਨਾਲ ਹੈ । ਗੁਹ ਨਾਲ ਵੇਖਣ ਤੇ ਅਸਲ ਲਿਖਤ ਦਾ ਹਿੰਦਸਾ ੬ ਪਹਿਚਾਨਿਆ ਜਾ ਸਕਦਾ ਹੈ, ਜਿਸ ਨੂੰ ੩ ਵਿੱਚ ਬਦਲਨ ਦਾ ਯਤਨ ਕੀਤਾ ਗਿਆ ਲੱਗਦਾ ਹੈ, ਪਰ ਫਿਰ ਕੱਟ ਕੇ ਉੱਪਰਲੀ ਸਤਰ ਵਿੱਚ ਪੂਰਾ ਸੰਮਤ ੧੭੨੩ ਲਿਖ ਦਿੱਤਾ ਗਿਆ ਹੈ।

ਪ੍ਰਤੱਖ ਨੂੰ ਪ੍ਰਮਾਣ ਕੀ? **The proof is in the pudding !**
ਡਾ. ਢਿੱਲੋਂ ਹੋਰਾਂ ਨੇ ਮੈਨੂੰ ਦਸਿਆ ਕਿ ਪਟਨਾ ਸਾਹਿਬ ਵਾਲੀ ਇਸ 'ਦਸਮ ਗ੍ਰੰਥ' ਦੀ ਹੱਥ ਲਿਖਤ ਨਕਲ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਵਿਖੇ ਵੀ ਹੈ। ਮੈਂ ਡਾ. ਸਾਹਿਬ ਨੂੰ ਬੇਨਤੀ ਕੀਤੀ ਕਿ ਉਸ ਨਕਲ ਵਿੱਚ ਵੇਖੋ ਕਿ ਪੱਤਰੀ ਦਾ ਉਤਾਰਾ ਹੈ ਜਾਂ ਕਿ ਨਹੀਂ, ਅਤੇ ਇਹ ਵੀ ਜ਼ਿਕਰ ਕਿਤਾ ਕਿ ਜੇ ਉਤਾਰਾ ਹੈ ਤਾਂ ਉਸ ਵਿੱਚ ਕਟਿੰਗ ਨਹੀਂ ਹੋਣੀ ਚਾਹੀਦੀ, ਕਿਉਂਕਿ ਜੇ ਇਹ ਨਕਲ ਪਟਨੇ ਵਾਲੀ ਬੀੜ ਵਿੱਚਲੀ ਕਟਿੰਗ ਤੋਂ ਪਹਿਲਾਂ ਦੀ ਲਿਖੀ ਹੋਈ ਹੋਵੇ ਤਾਂ ਇਸ ਵਿੱਚ ਸੰਮਤ ੧੭੨੬ ਹੋਣਾ ਚਾਹੀਦਾ ਹੈ, ਅਤੇ ਜੇਕਰ ਬਾਅਦ ਦੀ ਹੋਵੇ ਤਾਂ ਸੰਮਤ ੧੭੨੩ ਚਾਹੀਦਾ ਹੈ। ਮੈਨੂੰ ਦੋ ਤਿੰਨ ਦਿਨ ਬਾਅਦ ਹੀ ਉਨ੍ਹਾਂ ਦੀ ਈ-ਮੇਲ ਆ ਗਈ ਜਿਸ ਵਿੱਚ ਅੰਮ੍ਰਿਤਸਰ ਵਾਲੀ ਬੀੜ 'ਚੋਂ ਜਨਮ ਪੱਤਰੀ ਦੇ ਉਤਾਰੇ ਵਾਲੇ ਪੰਨੇ ਦੀ ਫੋਟੋ-ਕਾਪੀ ਵੀ ਸੀ। ਹੈਰਾਨ ਕਰਨ ਵਾਲੀ ਗੱਲ ਹੈ ਕਿ ਉਸ ਉਤਾਰੇ ਵਿੱਚ ਸੰਮਤ ੧੭੨੬ ਹੀ ਦਿੱਤਾ ਸੀ, ਜਿਸ ਬਾਰੇ ਅਸੀਂ ਉੱਪਰ ਵਿਸਥਾਰ ਨਾਲ ਜ਼ਿਕਰ ਕੀਤਾ ਹੈ। ਅਸੀਂ ਅੰਮ੍ਰਿਤਸਰ ਵਾਲੀ 'ਦਸਮ ਗ੍ਰੰਥ' ਦੀ ਇਸ ਬੀੜ ਦੇ ਉਸ ਪੱਤਰੇ 'ਚੋਂ ਸੰਬੰਧਤ ਨਕਲ [vi]ਵੀ ਦੇ ਰਹੇ ਹਾਂ।
ਇਸ ਪੱਤਰੀ ਦੇ ਉਤਾਰੇ ਨੂੰ 1723 ਬਿਕ੍ਰਮੀ ਦਾ ਦੱਸ ਕੇ ਪ੍ਰਚਾਰਿਆ ਜਾ ਰਿਹਾ ਹੈ ਜੋ ਕਿ ਸਰਾ-ਸਰ ਗ਼ਲਤ ਹੈ। ਨਾਲ ਹੀ ਇਸ ਉਤਾਰੇ ਦੁਆਰਾ ਦਸਮ ਗ੍ਰੰਥ ਦੀ ਪ੍ਰਮਾਣਿਕਤਾ ਦਾ, ਅਤੇ ਨਾਨਕਸ਼ਾਹੀ ਕੈਲੰਡਰ ਦੇ ਵਿਰੋਧ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ।

ਸੂਝਵਾਨ ਪਾਠਕ ਆਪ ਵੇਖ ਲੈਣ ਕਿ ਕਿਸ ਤਰਾਂ ਜਾਅਲੀ ਟੇਵਿਆਂ ਅਤੇ ਪੱਤਰੀਆਂ ਦੁਆਰਾ ਲੋਕਾਂ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ।

ਸਿੱਟਾ:
ਪਟਨਾ ਸਾਹਿਬ ਵਾਲੀ ਬੀੜ ਵਿੱਚ ਦਰਜ ਜਨਮ ਪੱਤਰੀ ਦੇ ਉਤਾਰੇ ਵਿੱਚ ੧੭੨੬ ਸੰਮਤ ਨੂੰ ੧੭੨੩ ਵਿੱਚ ਕੱਟ ਕੇ ਬਦਲਿਆ ਗਿਆ ਹੈ, ਪਰ ਪੱਤਰੀ ਵਾਲੇ ਸਾਰੇ ਤੱਥ - ਵਾਰ, ਤਿਥ ਸਮਾਪਤੀ-ਕਾਲ, ਨਕਸ਼ੱਤ੍ਰ ਸਮਾਪਤੀ-ਕਾਲ, ਲਗਨ - ੧੭੨੬ ਬਿਕ੍ਰਮੀ ਦੀ ਪੋਹ ਸੁਦੀ ੭ ਦੇ ਹਨ। ੧੭੨੬ ਨੂੰ ਮਸੇ ਕੇ ੧੭੨੩ ਕੀਤਾ ਗਿਆ ਹੈ, ਜੋ ਕੋਝੀ ਜਾਅਲਸਾਜ਼ੀ ਹੈ।

ਜੇ ਅਸੀਂ ਇਹ ਮੰਨੀਏ ਕਿ ੧੭੨੬ ਬਿ. ਵਾਲੀ ਪੱਤਰੀ ਅਸਲ ਹੈ, ਤਾਂ ਬਹੁਤ ਸਮੱਸਿਆਵਾਂ ਖੜੀਆਂ ਹੋ ਜਾਂਦੀਆਂ ਹਨ, ਜਿਵੇਂ ਕਿ ਗੁਰੂ ਸਾਹਿਬ ਦੀ ਉਮਰ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹੀਦੀ ਸਮੇਂ ੬ ਸਾਲ ਦੀ ਬਣਦੀ ਹੈ, ਅਤੇ ਜੋਤੀ ਜੋਤ ਸਮਾਉਣ ਸਮੇਂ ੪੨ ਸਾਲ ਦੀ ਬਜਾਏ ੩੯ ਸਾਲ।
ਅਸੀਂ ਨਿਰਸੰਦੇਹ ਕਹਿ ਸਕਦੇ ਹਾਂ ਕਿ ਇਹ ਕਿਸੇ ਅਪ੍ਰਮਾਣਿਤ ਪੱਤਰੀ ਨੂੰ ਬੀੜ ਵਿੱਚ ਦਰਜ ਕਰਨ ਦਾ ਕਿਸੇ ਅਣਜਾਣ ਵਿਅਕਤੀ ਦਾ ਕੋਝਾ ਯਤਨ ਹੈ।

| | | | | | | | | | |
|---|---|---|---|---|---|---|---|---|---|
| 21 | Thur. | 20 | | 5 | ·62 | 24 | ·57 | | 3 |
| 22 | Fri. | 21 | | 6 | ·67 | 25 | ·64 | | 4 |
| 23 | Sat. | 22 | Sukla | 7 | ·73 | 26 | ·72 | 7 Rajab. | 5 |
| 24 | Sun. | 23 | | 8 | ·81 | 27 | ·82 | | 6 |
| 25 | Mon. | 24 | | 9 | ·89 | 1 | ·92 | | 7 |

The above extract is from page for December, 1666 of Indian Ephemeris by Swamikannu Pillai.
Poh sudi 7 is shown on 23 Poh, Saturday, 22 December, 1666, Saptmi finishes at 0.73day, and Uttrabhadarpad Nakshatra finishes at 0.72 day.

[iv] Jantri 500 Years, Purewal Pal Singh, Punjab School Education Board, Chandigarh, 1994

[v] Extracts from Indian Ephemeris – Swamikannu Pillai, and from Purewal's calculations for 1666CE and 1669CE.


| | | | | | | | | | |
|---|---|---|---|---|---|---|---|---|---|
| 21 | Thur. | 20 | | 5 | ·62 | 24 | ·57 | | 3 |
| 22 | Fri. | 21 | | 6 | ·67 | 25 | ·64 | | 4 |
| 23 | Sat. | 22 | Sukla | 7 | ·73 | 26 | ·72 | 7 Rajab. | 5 |
| 24 | Sun. | 23 | | 8 | ·81 | 27 | ·82 | | 6 |
| 25 | Mon. | 24 | | 9 | ·89 | 1 | ·92 | | 7 |

The above extract is from page for December, 1666 of Indian Ephemeris by Swamikannu Pillai.


The extract below is from the same source but for December, 1669

| | | | | | | | | | |
|---|---|---|---|---|---|---|---|---|---|
| 17 | Thur. | 16 | | 4 | ·70 | | | | 3 |
| 18 | Fri. | 17 | | 5 | ·60 | 24 | ·77 | | 4 |
| 19 | Sat. | 18 | | 6 | ·51 | 25 | ·71 | | 5 |
| 20 | Sun. | 19 | Sukla. | 7 | ·42 | 26 | ·64 | | 6 |
| 21 | Mon. | 20 | | 8 | ·32 | 27 | ·58 | Sha'ban. | 7 |
| 22 | Tues. | 21 | | 9 | ·25 | 1 | ·53 | | 8 |
| 23 | Wed. | 22 | | 10 | ·18 | 2 | ·49 | | 9 |
| 24 | Thur. | 23 | | 11 | ·13 | 3 | ·47 | | 10 |
| | | | | 12 | ·09 | 4 | ·48 | | |

Poh sudi 7 is shown on 20 Poh, Sunday, 19 December, 1669, Saptmi finishes at 0.42day, and Uttrabhadarpad Nakshatra finishes at 0.64 day.

Below: Extracts from my Jantris calculated for Patna Sahib, for 1666CE and 1669CE. My Jantris for 632 Years from 1469CE to 2100CE have beeen calculated using original formulas and not a single copy from any other source. It can be seen that on 22 Dec 1666, it was 23 Poh, sudi Saptmi ended at 7 minutes after midnight, Uttra-Bhadrapada nakshatra ended at 11:43 pm, Prig yoga was current the whole day, sunrise at patna was at 6:37 am.

| | | | | | | | | |
|---|---|---|---|---|---|---|---|---|
| 1666 | 12 | 19 | Wed | Po 20 | Chat 20:51 | Dhni 19: 0 | Vajr 8:15 | 6:36 Kumb 6 38 |
| 1666 | 12 | 20 | Thu | Po 21 | Pnch 21:27 | Sbkh 20: 6 | Sdhi 7:18 | 6:36 |
| 1666 | 12 | 21 | Fri | Po 22 | Shsh 22:33 | PBhd 21:42 | Vyti 6:44 | 6:36 Meen 15 15 |
| 1666 | 12 | 22 | Sat | Po 23 | Sptm 24: 7 | UBhd 23:43 | Prig wh dy | 6:37 |
| 1666 | 12 | 23 | Sun | Po 24 | Asht 26: 1 | Revt 26: 4 | Prig 6:39 | 6:37 Mekh 26 4 |

| | | | | | | | | |
|---|---|---|---|---|---|---|---|---|
| 1669 | 12 | 18 | Sat | Po 19 | Shsh 18:44 | PBhd 23: 2 | Vyti 14:14 | 6:35 Meen 17 27 |
| 1669 | 12 | 19 | Sun | Po 20 | Sptm 16:28 | UBhd 21:29 | Vryn 11: 8 | 6:36 |
| 1669 | 12 | 20 | Mon | Po 21 | Asht 14:22 | Revt 20: 6 | Prig 8: 8 | 6:36 Mekh 20 6 |
| 1669 | 12 | 21 | Tue | Po 22 | Navm 12:30 | Asvn 18:58 | Sdha 26:43 | 6:36 |
| 1669 | 12 | 22 | Wed | Po 23 | Dasm 10:56 | Bhrn 18: 9 | Sadh 24:25 | 6:37 Vris 24 1 |

On 19 December 1669, it was Sunday, Saptmi ended at 16 :28 pm, Uttra-Bhadrapada nakshatra ended at 9 :29 pm, Varyan yoga ended at 11 :08 am and sunrise was at 6 :36 am, and moon entered Meena rasi at 5:27 pm the previous evening. The moon would be in Lagna in the Teva.

[vi] ਅੱਗੇ: ਅੰਮ੍ਰਿਤਸਰ ਵਾਲੀ ‘ਦਸਮ ਗ੍ਰੰਥ’ ਬੀੜ ਜੋ ਪਟਨਾ ਸਾਹਿਬ ਵਾਲੀ ਬੀੜ ਦੀ ਹੱਥ-ਲਿਖਤ ਕਾਪੀ ਹੈ, ‘ਚੋਂ ਨਕਲ ਜਿਸ ਵਿੱਚ ਜਨਮ ਪੱਤਰੀ ਦਾ ਸੰਮਤ 1726 ਦਿੱਤਾ ਹੋਇਆ ਹੈ।



੧੯

੧ੳ ਸਤਿਗੁਰਪ੍ਰਸਾਦਿ॥

ਉਤਾਰਪਤ੍ਰੀਪਾਤਿਸਾਹੀ੧੦ ॥

ਅਥਪ੍ਰਸੰਨਲਗਨਾਦ੍ਰੇਸੁਭਾਦਸੁਭਫਲਹਿ

ਸੰਸਹਸੰਬਤ ੧੭੨੬ ਪੋਖੇਮਾਸਸੁਕਲੇ

ਪਖੇਤਿਥਾਹਸਪਤਮੀਰਵਿਵਾਸਰੇਘਟਾ੨੪

॥ਉਤਰਭਾਦ੍ਰਪਦਾਲਿਖੜੁਘਟਾ ੩੬

ਉਦਿਆਗਤੇਘਟੀਖ੧੧ ਪਲੇਖ ੫

॥ ਸਮੇਮੀਨ ਲਗਨੇਸ੍ਰੀਮਤੀਪ੍ਰਸਨਾ॥

4.

5.

ਹੇਠਾਂ: ਪਟਨਾ ਸਾਹਿਬ ਵਾਲੇ 'ਦਸਮ ਗ੍ਰੰਥ' ਦੇ ਤਤਕਰੇ ਵਿੱਚ ਦਿੱਤੀ ਮਿਤੀ ਸੰਮਤ 1755 ਅਸਾੜ ਬਦੀ 1 [ਮੰਗਲਵਾਰ, 14 ਜੂਨ 1698 ਈ. ਜੂਲੀਅਨ ਕੈਲੰਡਰ – ਪੁਰੇਵਾਲ ਦੀ 500 ਸਾਲਾ ਜੰਤਰੀ ਅਨੁਸਾਰ]

